ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਜ਼ੀਰੋ-ਨਿਕਾਸੀ ਵਾਲੀਆਂ ਬੱਸਾਂ ਦੀ ਹਿਮਾਇਤ ਕਰਦੇ ਹੋਏ, ਉੱਤਰੀ ਅਮਰੀਕਾ ਦੀਆਂ ਸਭ ਤੋਂ ਵੱਡੀਆਂ ਇਲੈਕਟ੍ਰਿਕ ਬੱਸ ਟ੍ਰਾਂਜ਼ਿਟ ਫੈਸਿਲਿਟੀਜ ਵਿੱਚੋਂ ਇੱਕ ਦੀ ਉਸਾਰੀ ਦੀ ਯੋਜਨਾ ਬਣਾਈ ਹੈ

ਬ੍ਰੈਂਪਟਨ, ਓਨਟੈਰੀਓ (12 ਜੂਨ, 2020) – 10 ਜੂਨ, 2020 ਨੂੰ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੀ ਪੂਰੀ ਤਰ੍ਹਾਂ ਇਲੈਕਟ੍ਰਿਕ ਟ੍ਰਾਂਜ਼ਿਟ ਦੇਖਭਾਲ ਵਾਲੀ ਅਤੇ ਸਟੋਰੇਜ ਵਾਲੀ ਫੈਸਿਲਿਟੀ ਲਈ ਯੋਜਨਾਵਾਂ ਨੂੰ ਮਨਜ਼ੂਰੀ ਦਿੱਤੀ ਹੈ। ਇਹ ਸਿਟੀ ਆਫ ਬ੍ਰੈਂਪਟਨ ਦੀ, ਗ੍ਰੀਨ ਸਿਟੀ (Green City) ਬਣਾਉਣ ਦੀ ਵਚਨਬੱਧਤਾ ਵਿੱਚ ਇੱਕ ਵੱਡੀ ਉਪਲਬਧੀ ਹੈ। ਬ੍ਰੈਂਪਟਨ ਟ੍ਰਾਂਜ਼ਿਟ ਦੀ ਤੀਜੀ ਫੈਸਿਲਿਟੀ, ਉੱਤਰੀ ਅਮਰੀਕਾ (North America) ਵਿੱਚ ਬਣਾਈਆਂ ਗਈਆਂ ਨਵੀਆਂ ਬੱਸ ਫੈਸਿਲਿਟੀਜ ਵਿੱਚੋਂ ਇੱਕ ਹੋਵੇਗੀ, ਜੋ ਆਉਣ ਵਾਲੇ ਸਮੇਂ ਵਿੱਚ, ਪੂਰੀ ਤਰ੍ਹਾਂ ਇਲੈਕਟ੍ਰਿਕ, ਜ਼ੀਰੋ-ਨਿਕਾਸੀਆਂ ਵਾਲੇ ਬੱਸ ਫਲੀਟ ਨੂੰ ਸਹਿਯੋਗ ਕਰਨ ਵਿੱਚ ਮਦਦ ਕਰੇਗੀ।

ਇਸ ਨਵੀਂ ਫੈਸਿਲਿਟੀ ਨੂੰ 2022 ਵਿੱਚ ਸ਼ੁਰੂ ਕਰਦੇ ਹੋਏ ਦੋ ਚਰਨਾਂ ਵਿੱਚ ਬਣਾਉਣ ਦਾ ਟੀਚਾ ਹੈ। ਫੇਜ 1, 2024 ਦੇ ਅੰਤ ਵਿੱਚ ਪੂਰਾ ਹੋਣ ਦਾ ਅਨੁਮਾਨ ਹੈ। ਨਵੀਂ ਫੈਸਿਲਿਟੀ ਦੇ ਫੇਜ 1 ਵਿੱਚ ਲਗਭਗ 250 ਬੱਸਾਂ ਖੜ੍ਹੀਆਂ ਹੋਣ ਅਤੇ ਫੇਜ 2 ਵਿੱਚ ਵਾਧੂ 188 ਬੱਸਾਂ ਖੜ੍ਹੀਆਂ ਹੋਣ ਦੀ ਸਮਰੱਥਾ ਦਾ ਅਨੁਮਾਨ ਹੈ, ਮਤਲਬ ਕੁੱਲ 438 ਬੱਸਾਂ। ਪੂਰੀ ਇਲੈਕਟ੍ਰੀਫਿਕੇਸ਼ਨ ਸਬੰਧੀ ਲੋੜਾਂ ਸਮੇਤ, ਇਸ ਫੈਸਿਲਿਟੀ ਦੀ ਉਸਾਰੀ, ਸਰਕਾਰ ਦੇ ਦੂਜੇ ਅਮਲਿਆਂ ਤੋਂ ਫੰਡ ਮਿਲਣ ਤੇ ਨਿਰਭਰ ਹੈ।

ਡਿਜ਼ਾਈਨ ਪ੍ਰਕਿਰਿਆ ਅਤੇ ਲੋੜੀਂਦੇ ਫੰਡ ਉਪਲਬਧ ਹੋਣ ਦੇ ਮੁਤਾਬਕ, ਫੈਸਿਲਿਟੀ ਦੀਆਂ ਵਿਸ਼ੇਸ਼ਤਾਵਾਂ ਵਿੱਚ ਹੇਠਾਂ ਲਿਖੇ ਕੰਮ ਸ਼ਾਮਲ ਹੋ ਸਕਦੇ ਹਨ, ਪਰੰਤੂ ਇਹ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ:

- ਜ਼ੀਰੋ-ਨਿਕਾਸੀ ਵਾਲੀਆਂ ਬੈਟਰੀ ਨਾਲ ਚੱਲਣ ਵਾਲੀਆਂ ਇਲੈਕਟ੍ਰਿਕ ਬੱਸਾਂ ਨੂੰ ਸਹਿਯੋਗ ਕਰਨ ਲਈ, ਉੱਚ-ਪਾਵਰ (600kWh) ਵਾਲੇ ਓਵਰਹੈੱਡ ਪੈਂਟੋਗ੍ਰਾਫ ਸਟਾਈਲ ਦੇ ਚਾਰਜਰ ਅਤੇ ਰਾਤਭਰ ਪਲੱਗ ਲਗਾ ਕੇ ਰੱਖਣ ਦੇ ਸਟਾਈਲ ਵਾਲੇ ਚਾਰਜਰ।
- ਜ਼ੀਰੋ-ਨਿਕਾਸੀ ਵਾਲੀਆਂ ਫਿਊਲ ਸੈੱਲ ਇਲੈਕਟ੍ਰਿਕ ਬੱਸਾਂ ਨੂੰ ਸਹਿਯੋਗ ਕਰਨ ਲਈ, ਆਉਣ ਵਾਲੇ ਸਮੇਂ ਵਿੱਚ ਹਾਈਡ੍ਰੋਜਨ ਸਟੋਰੇਜ ਟੈਂਕਾਂ ਅਤੇ/ਜਾਂ ਹਾਈਡ੍ਰੋਜਨ ਪੈਦਾ ਕਰਨ ਵਾਲੇ ਉਪਕਰਨ ਤੇ ਵਿਚਾਰ।
- ਵੱਧ ਵਰਤੋਂ ਦੇ ਪੱਧਰ ਦਾ ਪਤਾ ਲਗਾਉਣ ਅਤੇ ਚੁਸਤ ਗ੍ਰਿਡ ਪ੍ਰਬੰਧਨ ਸਮੇਤ, ਸਰਬੋਤਮ ਊਰਜਾ ਕੁਸ਼ਲਤਾ ਪ੍ਰਦਾਨ ਕਰਨ ਲਈ, ਔਨ-ਸਾਈਟ ਊਰਜਾ ਸਟੋਰੇਜ ਸਮਰੱਥਾ।
- ਫਲੀਟ ਨੂੰ ਚਾਰਜ ਕਰਨ ਲਈ ਲੋੜੀਂਦੀ ਪਾਵਰ ਮੰਗ ਨੂੰ ਸਹਿਯੋਗ ਕਰਨ ਲਈ ਸਬਸਟੇਸ਼ਨ (ਉਦਾਹਰਨ ਲਈ 20 ਮੇਗਾਵਾਟ)।
- ਪੂਰੀ ਤਰ੍ਹਾਂ ਇਲੈਕਟ੍ਰਿਕ ਬੱਸ ਫਲੀਟ ਨੂੰ ਸਹਿਯੋਗ ਕਰਨ ਲਈ ਲੋੜੀਂਦੇ, ਉੱਚ ਵੋਲਟੇਜ ਸਿਸਟਮਾਂ ਅਤੇ ਖਾਸ ਦੇਖਭਾਲ ਉਪਕਰਨ ਅਤੇ ਟੂਲਸ ਦੀ ਮੁਰੰਮਤ ਵਿੱਚ ਸਹਿਯੋਗ ਕਰਨ ਲਈ, ਫੈਸਲਿਟੀ ਦੇ ਦੇਖਭਾਲ ਵਾਲੇ ਹਿੱਸੇ ਵਿੱਚ ਸਮਰਪਿਤ ਖੇਤਰ।

ਇਸ ਫੈਸਿਲਿਟੀ ਦੇ ਫੇਜ 1 ਵਿੱਚ ਇਲੈਕਟ੍ਰੀਫਿਕੇਸ਼ਨ ਲੋੜਾਂ ਲਈ ਮੌਜੂਦਾ ਉੱਚ ਆਰਡਰ ਦਾ ਅਨੁਮਾਨਤ ਖਰਚ $120-$150 ਮਿਲੀਅਨ ਹੈ। ਇਸ ਵਿੱਚ ਉਹ ਨਿਵੇਸ਼ ਸ਼ਾਮਲ ਨਹੀਂ ਹਨ, ਜੋ ਪੂਰੀ ਤਰ੍ਹਾਂ ਇਲੈਕਟ੍ਰਿਕ ਜ਼ੀਰੋ-ਨਿਕਾਸੀ ਵਾਲੇ ਬੱਸ ਫਲੀਟ ਨੂੰ ਪੇਸ਼ ਕਰਨ, ਇਲੈਕਟ੍ਰਿਕ ਬੱਸਾਂ ਨੂੰ ਖਰੀਦਣ ਜਾਂ ਪ੍ਰਾਪਰਟੀ ਤੋਂ ਇਲਾਵਾ, ਲੋੜੀਂਦੇ ਵਾਧੂ ਇੰਫਰਾਸਟ੍ਰਕਚਰ ਲਈ ਜ਼ਰੂਰੀ ਹਨ, ਜਿਵੇਂ ਸੜਕਾਂ ਤੇ (ਔਨ-ਸਟ੍ਰੀਟ) ਈਚਾਰਜਰ (eChargers) ਅਤੇ ਪਾਵਰ ਗ੍ਰਿਡ ਸੁਧਾਰ।

ਇਲੈਕਟ੍ਰਿਕ ਬੱਸਾਂ ਨੂੰ ਨਵੀਆਂ ਵਿਕਾਸ ਬੱਸਾਂ ਦੇ ਤੌਰ ਤੇ, ਮੌਜੂਦਾ ਬੱਸਾਂ ਵਿੱਚ ਸ਼ਾਮਲ ਕੀਤਾ ਜਾਵੇਗਾ। ਪੁਰਾਣੀਆਂ ਬੱਸਾਂ ਦੀ ਥਾਂ ਤੇ ਨਵੀਆਂ ਬੱਸਾਂ, ਬ੍ਰੈਂਪਟਨ ਦੇ 10-ਸਾਲਾ ਪੂੰਜੀ ਅਨੁਮਾਨ ਅਤੇ ਮਨਜ਼ੂਰ ਕੀਤੇ ਬਜਟਾਂ ਦੇ ਆਧਾਰ ਤੇ ਖਰੀਦੀਆਂ ਜਾਂਦੀਆਂ ਹਨ। ਇਹਨਾਂ ਬਜਟਾਂ ਵਿੱਚ ਸ਼ਾਮਲ ਹਨ, ਇਨਵੈਸਟਿੰਗ ਇਨ ਕੈਨੇਡਾ ਇੰਫਰਾਸਟ੍ਰਕਚਰ ਪ੍ਰੋਗਰਾਮ (ਆਈ.ਸੀ.ਆਈ.ਪੀ.) (Investing in Canada Infrastructure Program) (ICIP) ਅਤੇ ਹੋਰ ਫੰਡਿੰਗ।

ਸਿਟੀ ਆਫ ਬ੍ਰੈਂਪਟਨ ਅਤੇ ਬ੍ਰੈਂਪਟਨ ਸਿਟੀ ਕਾਉਂਸਿਲ, ਨਵੀਂ ਫੈਸਿਲਿਟੀ ਵਾਸਤੇ ਡਿਜ਼ਾਈਨ ਅਤੇ ਫੰਡਿੰਗ ਦੇ ਕੰਮ ਨੂੰ ਅੱਗੇ ਵਧਾਉਣ ਲਈ ਇਕੱਠੇ ਮਿਲ ਕੇ ਕੰਮ ਕਰ ਰਹੀਆਂ ਹਨ। ਮੌਜੂਦਾ ਰਾਈਡਰਸ਼ਿਪ, ਪਿਛਲੇ ਤਿੰਨ ਸਾਲਾਂ ਵਿੱਚ ਅਬਾਦੀ ਵਿੱਚ ਕਾਫੀ ਜ਼ਿਆਦਾ ਵਾਧੇ ਅਤੇ ਭਵਿੱਖ ਲਈ ਪ੍ਰਸਤਾਵਿਤ ਵਾਧੇ ਦੇ ਆਧਾਰ ਤੇ, ਇਹ ਨਵੀਂ ਟ੍ਰਾਂਜ਼ਿਟ ਫੈਸਿਲਿਟੀ, ਬ੍ਰੈਂਪਟਨ ਲਈ ਬੇਹੱਦ ਜ਼ਰੂਰੀ ਹੈ।

ਤੀਜੀ ਫੈਸਿਲਿਟੀ ਬਾਰੇ ਹੋਰ ਜਾਣਨ ਲਈ, ਰਿਪੋਰਟ ਲਈ ਇੱਥੇ (here) ਕਲਿੱਕ ਕਰੋ।

**ਪਿਛੋਕੜ – 2021 ਵਿੱਚ, ਬ੍ਰੈਂਪਟਨ ਵਿੱਚ ਬੱਸ ਪਾਇਲਟ ਪ੍ਰੋਜੈਕਟ ਆ ਰਿਹਾ ਹੈ**

ਜੁਲਾਈ 2019 ਵਿੱਚ, ਮੇਅਰ ਪੈਟਰਿਕ ਬ੍ਰਾਊਨ ਨੇ ਬ੍ਰੈਂਪਟਨ ਸਿਟੀ ਕਾਉਂਸਿਲ ਦੇ ਵੱਲੋਂ, ਬ੍ਰੈਂਪਟਨ ਵਿੱਚ ਮੁੱਖ ਉਪਲਬਧੀ, ਪੈਨ-ਕੈਨੇਡਿਅਨ ਇਲੈਕਟ੍ਰਿਕ ਬੱਸ ਡੇਮੋਨਸਟ੍ਰੇਸ਼ਨ ਐਂਡ ਇੰਟੀਗ੍ਰੇਸ਼ਨ ਟ੍ਰਾਇਲ (Pan-Canadian Electric Bus Demonstration and Integration Trial) ਵਿੱਚ ਕੈਨੇਡਾ ਸਰਕਾਰ (Government of Canada) ਵੱਲੋਂ ਵੱਡੇ ਨਿਵੇਸ਼ ਦਾ ਸੁਆਗਤ ਕੀਤਾ ਸੀ।

ਸਨਮਾਨਯੋਗ ਮਿਨਿਸਟਰ ਆਫ ਐਨਵਾਇਰਨਮੈਂਟ ਐਂਡ ਕਲਾਈਮੇਟ ਚੇਂਜ, ਕੈਥਰੀਨ ਮਕੈਨਾ (Catherine McKenna) ਨੇ ਪਾਇਲਟ ਪ੍ਰੋਜੈਕਟ ਦੇ ਫੇਜ 1 ਵਿੱਚ $11.15 ਮਿਲੀਅਨ ਦਾ ਫੰਡ ਦੇਣ ਦਾ ਐਲਾਨ ਕੀਤਾ ਸੀ। ਇਹ ਪ੍ਰੋਜੈਕਟ, ਬ੍ਰੈਂਪਟਨ ਵਿੱਚ ਬੈਟਰੀ ਨਾਲ ਚੱਲਣ ਵਾਲੀਆਂ ਇਲੈਕਟ੍ਰਿਕ ਬੱਸਾਂ ਦਾ ਟੈਸਟ ਕਰੇਗਾ।
ਇਸ ਤਰ੍ਹਾਂ ਦਾ ਪਹਿਲਾ ਗਲੋਬਲ, ਏਕੀਕਰਨ ਪ੍ਰੋਜੈਕਟ, ਬ੍ਰੈਂਪਟਨ ਟ੍ਰਾਂਜ਼ਿਟ ਅਤੇ ਕੈਨੇਡਿਅਨ ਅਰਬਨ ਟ੍ਰਾਂਜ਼ਿਟ ਰਿਸਰਚ ਐਂਡ ਇਨੋਵੇਸ਼ਨ ਕੋਨਸੋਰਟੀਅਮ (ਸੀ.ਯੂ.ਟੀ.ਆਰ.ਆਈ.ਸੀ.) (Canadian Urban Transit Research and Innovation Consortium) (CUTRIC), ਪੂਰੀ ਤਰ੍ਹਾਂ ਇਲੈਕਟ੍ਰਿਕ ਬੱਸਾਂ ਦੇ ਨਿਰਮਾਤਾਵਾਂ, ਨਿਊ ਫਲਾਇਰ ਇੰਡਸਟ੍ਰੀਜ (New Flyer Industries) ਅਤੇ ਨੋਵਾ ਬੱਸ (Nova Bus) ਅਤੇ ਚਾਰਜਿੰਗ ਸਟੇਸ਼ਨ ਨਿਰਮਾਤਾਵਾਂ ਏ.ਬੀ.ਬੀ. (ABB) ਅਤੇ ਸੀਮਨਸ (Siemens) ਦੇ ਵਿਚਕਾਰ ਜਾਰੀ ਸਹਿਯੋਗ ਦਾ ਨਤੀਜਾ ਹੈ। ਇਸ ਬੇਮਿਸਾਲ ਪਹਿਲਦਕਦਮੀ ਨੇ ਬ੍ਰੈਂਪਟਨ ਵਿੱਚ ਇਲੈਕਟ੍ਰਿਕ ਬੱਸਾਂ ਨੂੰ ਲਾਗੂ ਕਰਨ ਲਈ ਸਰਕਾਰ ਦੇ ਕਈ ਅਮਲਿਆਂ, ਬੱਸ ਅਤੇ ਚਾਰਜਰ ਨਿਰਮਾਤਾਵਾਂ, ਸਿਸਟਮ ਇੰਟੀਗ੍ਰੇਟਰਾਂ, ਸਿੱਖਿਆ ਸਬੰਧੀ ਭਾਈਚਾਰਿਆਂ ਅਤੇ ਫੰਡਿੰਗ ਸਾਂਝੇਦਾਰਾਂ ਨੂੰ ਜੋੜਿਆ ਹੈ।

ਅੱਜ, ਬ੍ਰੈਂਪਟਨ ਟ੍ਰਾਂਜ਼ਿਟ ਵਾਤਾਵਰਣ ਸਥਿਰਤਾ ਵਿੱਚ ਸਭ ਤੋਂ ਅੱਗੇ (ਲੀਡਰ) ਹੈ ਅਤੇ ਇਸ ਕੋਲ 125 ਡੀਜਲ-ਇਲੈਕਟ੍ਰਿਕ ਹਾਈਬ੍ਰਿਡ ਜ਼ੂਮ ਬੱਸਾਂ ਦਾ ਫਲੀਟ ਹੈ, ਜੋ ਇਸਦੇ ਪੂਰੇ ਫਲੀਟ ਦਾ 28 ਪ੍ਰਤੀਸ਼ਤ ਹੈ।

**ਹਵਾਲੇ**
"ਬ੍ਰੈਂਪਟਨ ਸਥਿਰ ਟ੍ਰਾਂਸਪੋਰਟੇਸ਼ਨ ਵਿੱਚ ਸਭ ਤੋਂ ਅੱਗੇ ਹੈ। ਚੰਗੀ ਤਰ੍ਹਾਂ ਜੁੜਿਆ ਅਤੇ ਸਥਿਰ ਟ੍ਰਾਂਜ਼ਿਟ ਨੈੱਟਵਰਕ, ਕੈਨੇਡਾ ਦੇ ਇਨੋਵੇਸ਼ਨ ਕੋਰੀਡੋਰ ਤੇ ਸਾਡੀ ਸਥਿਤੀ ਨੂੰ ਖਾਸ ਬਣਾਉਣ ਲਈ ਮਹੱਤਵਪੂਰਨ ਹੈ। ਮੈਨੂੰ, ਅੱਗੇ ਦੀ ਸੋਚਣ ਵਾਲੀ ਅਜਿਹੀ ਕਾਉਂਸਿਲ ਦਾ ਹਿੱਸਾ ਹੋਣ ਤੇ ਮਾਣ ਹੈ। ਇਹ ਠੋਸ ਕਦਮ ਸਾਡੇ ਸ਼ਹਿਰ ਨੂੰ, ਜਲਵਾਯੂ ਤਬਦੀਲੀ ਸਬੰਧੀ ਸਾਡੇ ਟੀਚਿਆਂ ਨੂੰ ਹਾਸਲ ਕਰਨ ਵੱਲ ਹੋਰ ਅੱਗੇ ਵਧਾਉਣਗੇ। ਕਿਉਂਕਿ ਬੈਟਰੀ ਨਾਲ ਚੱਲਣ ਵਾਲੀ ਹਰੇਕ ਇਲੈਕਟ੍ਰਿਕ ਬੱਸ ਦੀ ਸੇਵਾ ਦੇਣ ਨਾਲ, ਅਸੀਂ ਹਰ ਸਾਲ, ਪ੍ਰਤੀ ਬੱਸ, ਲਗਭਗ 235 ਟਨ C02 ਨਿਕਾਸੀ ਬਚਾ ਸਕਾਂਗੇ। ਅਸੀਂ ਬ੍ਰੈਂਪਟਨ ਵਿੱਚ ਜ਼ੀਰੋ-ਨਿਕਾਸੀ ਵਾਲੀਆਂ ਬੱਸਾਂ ਲਿਆਉਣ ਲਈ ਅਤੇ ਸਾਡੇ ਨਿਵਾਸੀਆਂ ਨੂੰ ਇੱਕ ਸ਼ਾਨਦਾਰ ਟ੍ਰਾਂਜ਼ਿਟ ਸਿਸਟਮ ਪ੍ਰਦਾਨ ਕਰਨ ਲਈ, ਫੈਡਰਲ ਸਰਕਾਰ ਦੇ ਨਾਲ ਭਾਈਵਾਲੀ ਜਾਰੀ ਰੱਖੀ ਹੋਈ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਇਸ ਤਰ੍ਹਾਂ ਦੀ ਪਹਿਲੀ, ਪੂਰੀ ਤਰ੍ਹਾਂ ਇਲੈਕਟ੍ਰਿਕ ਟ੍ਰਾਂਜ਼ਿਟ ਫੈਸਿਲਿਟੀ ਬਣਾਉਣਾ ਅਤੇ ਆਉਣ ਵਾਲੇ ਸਮੇਂ ਵਿੱਚ ਇਸਨੂੰ, ਪੂਰੀ ਤਰ੍ਹਾਂ ਇਲੈਕਟ੍ਰਿਕ ਜ਼ੀਰੋ ਨਿਕਾਸੀ ਵਾਲੇ ਬੱਸ ਫਲੀਟ ਵਿੱਚ ਬਦਲਣਾ, ਸਾਡੇ ਵਾਤਾਵਰਨ ਵਿੱਚ ਛੱਡੀ ਜਾਣ ਵਾਲੀ ਸਮੁੱਚੇ ਕਾਰਬਨ ਦੀ ਮਾਤਰਾ ਨੂੰ ਘਟਾਉਣ ਅਤੇ ਗ੍ਰੀਨ ਸਿਟੀ ਬਣਾਉਣ ਦੀ, ਕਾਉਂਸਿਲ ਦੀ ਵਚਨਬੱਧਤਾ ਤੇ ਅਧਾਰਿਤ ਹੈ। ਇਹ, ਬ੍ਰੈਂਪਟਨ ਵਿੱਚ ਪੈਦਾ ਹੋਣ ਵਾਲੀਆਂ ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ 2050 ਤੱਕ 80 ਪ੍ਰਤੀਸ਼ਤ ਤੱਕ ਘਟਾਉਣ ਦੇ ਸਾਡੇ ਸਫ਼ਰ ਵਿੱਚ ਵੱਡੀ ਉਪਲਬਧੀ ਹੋਵੇਗੀ।”

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

“ਸਿਟੀ ਆਫ ਬ੍ਰੈਂਪਟਨ, ਸਥਿਰ ਅਤੇ ਊਰਜਾ ਨਾਲ ਭਰਪੂਰ ਟ੍ਰਾਂਜ਼ਿਟ ਸਿਸਟਮ ਬਣਾਉਣ ਲਈ ਨਵੀਨਤਾਕਾਰੀ ਅਤੇ ਵਿਵਹਾਰਕ ਹੱਲ ਲੱਭਣ ਲਈ ਵਚਨਬੱਧ ਹੈ। ਇਹ ਕਾਉਂਸਿਲ ਲਈ ਤਰਜੀਹ ਹੈ ਅਤੇ ਅਸੀਂ ਲਗਾਤਾਰ, ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ ਘਟਾਉਣ, ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ, ਆਰਥਿਕ ਲਾਭ ਪੈਦਾ ਕਰਨ ਅਤੇ ਜਲਵਾਯੂ ਸਬੰਧੀ ਤਬਦੀਲੀ ਵਿੱਚ ਲਚਕੀਲਾਪਣ ਵਧਾਉਣ ਲਈ ਰਸਤੇ ਤਿਆਰ ਕਰ ਰਹੇ ਹਾਂ।”

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca